# ਬਪਤਿਸਮੇ ਦੀ ਇਕ ਸਮੀਖਿਆ

ਪਾਪਾਂ ਦੀ ਮਾਫ਼ੀ ਲਈ (ਮਰਕੁਸ 1:4; ਲੂਕਾ 3:3) ਯੂਹੰਨਾ ਤੌਬਾ ਦੇ ਬਪਤਿਸਮੇ ਦਾ ਪ੍ਰਚਾਰ ਕਰਦਾ ਸੀ (ਮੱਤੀ 3:2)। ਇੰਜੀਲ ਦੀਆਂ ਕਿਤਾਬਾਂ ਵਿਚ ਭਾਵੇਂ ਉਹਦੇ ਰਾਹੀਂ ਬਦਲਣ ਵਾਲਿਆਂ ਦੇ ਵਿਸ਼ਵਾਸ ਕਰਨ ਜਾਂ ਤੌਬਾ ਕਰਨ ਦੀ ਗੱਲ ਨਹੀਂ ਲਿਖੀ ਗਈ, ਪਰ ਇਹ ਜ਼ਰੂਰ ਲਿਖਿਆ ਗਿਆ ਹੈ ਕਿ ਉਨ੍ਹਾਂ ਬਪਤਿਸਮਾ ਲਿਆ ਸੀ (ਮੱਤੀ 3:6; ਮਰਕੁਸ 1:5; ਲੂਕਾ 3:21; ਯੂਹੰਨਾ 3:23; 4:1)। ਇਸ ਤੱਥ ਤੋਂ ਕਿ ਉਨ੍ਹਾਂ ਬਪਤਿਸਮਾ ਲਿਆ ਸੀ ਸਾਨੂੰ ਇਹ ਨਿਚੋੜ ਕੱਢਣਾ ਚਾਹੀਦਾ ਹੈ ਕਿ ਉਨ੍ਹਾਂ ਨੇ ਉਹਦੇ ਸੰਦੇਸ਼ ਤੇ ਵਿਸ਼ਵਾਸ ਕੀਤਾ ਅਤੇ ਤੌਬਾ ਕੀਤੀ ਸੀ। ਕਿਤੇ ਵੀ ਇਹ ਨਹੀਂ ਲਿਖਿਆ ਕਿ ਯੂਹੰਨਾ ਨੇ ਲੋਕਾਂ ਆਪਣੇ ਪਾਪਾਂ ਦਾ ਇਕਰਾਰ ਕਰਨ ਲਈ ਕਿਹਾ ਪਰ ਉਨ੍ਹਾਂ ਨੇ ਆਪਣੇ ਪਾਪਾਂ ਨੂੰ ਮੰਨ ਲਿਆ ਸੀ (ਮੱਤੀ 3:6)।

ਯਿਸੂ ਨੇ ਯੂਹੰਨਾ ਦਾ ਬਪਤਿਸਮਾ ਲਿਆ ਸੀ (ਮੱਤੀ 3:13–17)। ਯੂਹੰਨਾ ਨੇ ਗਵਾਹੀ ਦਿੱਤੀ ਕਿ ਬਪਤਿਸਮੇ ਨਾਲ ਯਿਸੂ ਦੀ ਪਛਾਣ ਹੋਈ ਸੀ (ਯੂਹੰਨਾ 1:31)। ਰਸੂਲ ਯੂਹੰਨਾ ਇਨ੍ਹਾਂ ਗੱਲਾਂ ਵਿੱਚੋਂ ਹੀ ਯਿਸੂ ਦੇ ਬਪਤਿਸਮੇ ਦਾ ਜ਼ਿਕਰ ਕਰ ਰਿਹਾ ਹੋਵੇਗਾ: ''ਇਹ ਉਹੋ ਹੈ ਜੋ ਪਾਣੀ ਅਤੇ ਲਹੂ ਦੇ ਰਾਹੀਂ ਆਇਆ ਅਰਥਾਤ ਯਿਸੂ ਮਸੀਹ। ਨਿਰ੍ਹੇ ਪਾਣੀ ਤੋਂ ਨਹੀਂ ਸਗੋਂ ਪਾਣੀ ਅਤੇ ਲਹੂ ਤੋਂ ਆਇਆ''; ''ਕਿਉਂ ਜੋ ਤਿੰਨ ਹਨ ਜਿਹੜੇ ਸਾਖੀ ਦਿੰਦੇ ਹਨ ਅਰਥਾਤ ਆਤਮਾ ਅਤੇ ਪਾਣੀ ਅਤੇ ਲਹੂ'' (1 ਯੂਹੰਨਾ 5:6ੳ, 7, 8ੳ)।

ਯਿਸੂ ਨੇ ਯੂਹੰਨਾ ਨਾਲੋਂ ਵੱਧ ਲੋਕਾਂ ਨੂੰ ਬਪਤਿਸਮਾ ਲੈਣ ਲਈ ਖਿੱਚਿਆ ਹੋਵੇਗਾ (ਯੂਹੰਨਾ 3:22, 26; 4:1)। ਇੰਜੀਲ ਦੀਆਂ ਕਿਤਾਬਾਂ ਵਿਚ ਅਸੀਂ ਪੜ੍ਹਦੇ ਹਾਂ ਕਿ ਇਨ੍ਹਾਂ ਲੋਕਾਂ ਨੇ ਬਪਤਿਸਮਾ ਲਿਆ ਸੀ, ਪਰ ਇਹ ਕਿਤੇ ਨਹੀਂ ਲਿਖਿਆ ਮਿਲਦਾ ਕਿ ਉਨ੍ਹਾਂ ਨੇ ਵਿਸ਼ਵਾਸ ਕੀਤਾ, ਤੌਬਾ ਕੀਤੀ ਜਾਂ ਇਕਰਾਰ ਕੀਤਾ ਸੀ। ਭਲਾ ਇਸ ਤੋਂ ਅਸੀਂ ਇਹ ਨਿਚੋੜ ਕੱਢ ਸਕਦੇ ਹਾਂ ਕਿ ਉਨ੍ਹਾਂ ਨੇ ਇਨ੍ਹਾਂ ਵਿੱਚੋਂ ਇਕ ਵੀ ਗੱਲ ਸਿਰਫ਼ ਇਸ ਲਈ ਨਹੀਂ ਕੀਤੀ ਕਿ ਉਨ੍ਹਾਂ ਦਾ ਖ਼ਾਸ ਤੌਰ ਤੇ ਜ਼ਿਕਰ ਨਹੀਂ ਹੈ। ਬਪਤਿਸਮੇ ਦਾ ਜ਼ਿਕਰ ਹੋਣ ਅਤੇ ਦੂਜੀਆਂ ਗੱਲਾਂ ਦਾ ਨਾ ਹੋਣ ਕਰਕੇ ਅਸੀਂ ਬਪਤਿਸਮੇ ਦੀ ਅਹਿਮੀਅਤ ਨੂੰ ਕਿਵੇਂ ਘੱਟ ਕਰ ਸਕਦੇ ਹਾਂ?

ਅਸੀਂ ਮਜ਼ਬੂਤੀ ਨਾਲ ਇਹ ਦਾਅਵਾ ਨਹੀਂ ਕਰ ਸਕਦੇ ਕਿ ਰਸੂਲਾਂ ਨੂੰ ਬਪਤਿਸਮਾ ਮਿਲਿਆ ਸੀ, ਪਰ ਇਹ ਅਰਥ ਜ਼ਰੂਰ ਕੱਢ ਸਕਦੇ ਹਾਂ ਕਿ ਉਨ੍ਹਾਂ ਨੂੰ ਬਪਤਿਸਮਾ ਦਿੱਤਾ ਗਿਆ ਸੀ। ਯੂਹੰਨਾ ਅਤੇ ਯਿਸੂ ਦੇ ਚੇਲਿਆਂ ਨੂੰ ਬਪਤਿਸਮਾ ਦਿੱਤਾ ਗਿਆ ਸੀ (ਯੂਹੰਨਾ 4:1)। ਯਿਸੂ ਨੇ ਆਪਣੇ ਚੇਲਿਆਂ ਵਿੱਚੋਂ ਹੀ ਰਸੂਲ ਚੁਣੇ ਸਨ (ਲੂਕਾ 6:13), ਜਿਸ ਤੋਂ ਇਹ ਸੰਕੇਤ ਮਿਲਦਾ ਹੈ ਕਿ ਉਸ ਨੇ ਉਨ੍ਹਾਂ ਹੀ ਲੋਕਾਂ ਨੂੰ ਚੁਣਿਆ ਸੀ ਜਿਨ੍ਹਾਂ ਨੇ ਉਹਦੇ ਚੇਲੇ ਬਣਨ ਲਈ ਬਪਤਿਸਮਾ ਲਿਆ ਸੀ।

## ਰਸੂਲਾਂ ਦੇ ਕੰਮ ਵਿਚ ਬਪਤਿਸਮਾ

ਰਸੂਲਾਂ ਦੇ ਕੰਮ ਕਿਤਾਬ ਵਿਚ ਕਿਤੇ ਕਿਤੇ ਲੋਕਾਂ ਦੇ ਵਿਸ਼ਵਾਸ ਕਰਨ ਅਤੇ ਬਪਤਿਸਮਾ ਲੈਣ ਦਾ ਜ਼ਿਕਰ ਮਿਲਦਾ ਹੈ, ਜਦ ਕਿ ਉਨ੍ਹਾਂ ਦੇ ਤੌਬਾ ਕਰਨ ਜਾਂ ਇਕਰਾਰ ਕਰਨ ਬਾਰੇ (ਜਦ

ਤਕ ਹਬਸ਼ੀ ਖੋਜੇ ਦਾ ਇਕਰਾਰ ਸਾਬਤ ਨਾ ਹੋਵੇ) ਕੁਝ ਨਹੀਂ ਲਿਖਿਆ ਗਿਆ। ਬਪਤਿਸਮੇ ਦੇ ਨਾਲ ਵਿਸ਼ਵਾਸ ਕਰਨ ਦਾ ਜ਼ਿਕਰ ਹੈ (ਰਸੂਲਾਂ ਦੇ ਕੰਮ 8:12; 18:8); ਪਰ ਬਪਤਿਸਮੇ ਨਾਲ ਤੌਬਾ ਦਾ ਜ਼ਿਕਰ ਇੱਕੋ ਵਾਰ ਹੋਇਆ ਹੈ (ਰਸੂਲਾਂ ਦੇ ਕੰਮ 2:38) ਇਸ ਨਾਲ ਇਕਰਾਰ ਕਰਨ ਦਾ ਜ਼ਿਕਰ ਨਹੀਂ ਹੈ। ਰਸੂਲਾਂ ਦੇ ਕੰਮ ਕਿਤਾਬ ਵਿਚ ਕਿਤੇ ਵੀ ਲੋਕਾਂ ਦੇ ਇਕਰਾਰ ਕਰਨ ਦੀ ਗੱਲ ਨਹੀਂ ਮਿਲਦੀ। ਯਕੀਨਨ ਜਿੱਥੇ ਸਿਰਫ਼ ਵਿਸ਼ਵਾਸ ਜਾਂ ਬਪਤਿਸਮੇ ਦਾ ਜ਼ਿਕਰ ਹੈ ਉੱਥੇ ਤੌਬਾ ਕਰਨ ਜਾਂ ਇਕਰਾਰ ਦੀ ਗੱਲ ਦਾ ਅਰਥ ਕੱਢ ਲਿਆ ਜਾਂਦਾ ਹੈ। ਇਸ ਤੋਂ ਇਹ ਸੰਕੇਤ ਮਿਲਣਾ ਚਾਹੀਦਾ ਹੈ ਕਿ ''ਵਿਸ਼ਵਾਸ'' ਸ਼ਬਦ ਜਦ ਵੀ ਆਵੇ ਉਸ ਤੋਂ ਬਪਤਿਸਮੇ ਦਾ ਵੀ ਅਰਥ ਨਿੱਕਲਣਾ ਚਾਹੀਦਾ ਹੈ, ਜਾਂ ਜਿੱਥੇ ਸਿਰਫ਼ ਬਪਤਿਸਮੇ ਦਾ ਹੀ ਜ਼ਿਕਰ ਹੈ ਉੱਥੇ ਵਿਸ਼ਵਾਸ ਦਾ ਅਰਥ ਵੀ ਸਮਝ ਲੈਣਾ ਚਾਹੀਦਾ ਹੈ।

ਜੇ ਕੋਈ ਤੌਬਾ ਕਰਨ ਅਤੇ ਇਕਰਾਰ ਕਰਨ ਦੇ ਬਗ਼ੈਰ ਬਚਾਇਆ ਨਹੀਂ ਜਾ ਸਕਦਾ, ਤਾਂ ਹਰ ਥਾਂ ਯਿਸੂ ਦੇ ਵਚਨ ਨੂੰ ਮੰਨਣ ਵਾਲਿਆਂ ਦੇ ਬਪਤਿਸਮੇ ਦੀ ਥਾਂ ਉਨ੍ਹਾਂ ਦੇ ਇਨ੍ਹਾਂ ਕੰਮਾਂ ਦਾ ਹੀ ਜ਼ਿਕਰ ਕਿਉਂ ਨਹੀਂ ਕੀਤਾ ਗਿਆ? ਜੇ ਬਚਾਏ ਜਾਣ ਲਈ ਬਪਤਿਸਮਾ ਜ਼ਰੂਰੀ ਨਹੀਂ ਹੈ ਤਾਂ ਇਸ ਦਾ ਐਨੀ ਵਾਰ ਜ਼ਿਕਰ ਕਿਉਂ ਕੀਤਾ ਗਿਆ ਹੈ, ਜਦਕਿ ਤੌਬਾ ਅਤੇ ਇਕਰਾਰ ਦਾ ਜ਼ਿਕਰ ਨਹੀਂ ਹੈ (ਜਿਸ ਨੂੰ ਬਹੁਤ ਸਾਰੇ ਧਾਰਮਿਕ ਫ਼ਿਰਕੇ ਬਚਾਏ ਜਾਣ ਲਈ ਜ਼ਰੂਰੀ ਮੰਨਦੇ ਹਨ)?

ਰਸੂਲਾਂ ਦੇ ਕੰਮ ਕਿਤਾਬ ਵਿਚ ਹੇਠਾਂ ਦਿੱਤੀਆਂ ਤੁਲਨਾਵਾਂ ਕੀਤੀਆਂ ਜਾ ਸਕਦੀਆਂ ਹਨ।

ੳ. ਗ਼ੈਰ ਮਸੀਹੀ ਲੋਕਾਂ ਨੂੰ ਜਿੰਨੀ ਵਾਰ ਹੇਠ ਲਿਖੀਆਂ ਗੱਲਾਂ ਕਰਨ ਲਈ ਕਿਹਾ ਗਿਆ ਸੀ:

1. ਵਿਸ਼ਵਾਸ–ਤਿੰਨ ਵਾਰ (ਰਸੂਲਾਂ ਦੇ ਕੰਮ 8:37; 10:43; 16:31)।
2. ਤੌਬਾ ਕਰੋ–ਤਿੰਨ ਵਾਰ (ਰਸੂਲਾਂ ਦੇ ਕੰਮ 3:19; 17:30; 26:20)।
   ਤੌਬਾ ਕਰੋ ਅਤੇ ਵਿਸ਼ਵਾਸ ਕਰੋ–ਸਿਫ਼ਰ ਵਾਰ
   ਤੌਬਾ ਕਰੋ ਅਤੇ ਬਪਤਿਸਮਾ ਲਓ–ਇਕ ਵਾਰ (ਰਸੂਲਾਂ ਦੇ ਕੰਮ 2:38)।
3. ਬਪਤਿਸਮਾ ਲਓ–ਤਿੰਨ ਵਾਰ (ਰਸੂਲਾਂ ਦੇ ਕੰਮ 2:38; 10:48; 22:16)।
   ਬਪਤਿਸਮਾ ਲਓ ਅਤੇ ਤੌਬਾ ਕਰੋ–ਇਕ ਵਾਰ (ਰਸੂਲਾਂ ਦੇ ਕੰਮ 2:38)।
   ਬਪਤਿਸਮਾ ਲਓ ਅਤੇ ਇਕਰਾਰ ਕਰੋ–ਇਕ ਵਾਰ ਵੀ ਨਹੀਂ।
4. ਇਕਰਾਰ ਕਰੋ–ਇਕ ਵਾਰ ਵੀ ਨਹੀਂ।

ਅ. ਲੂਕਾ ਨੇ ਜਿੰਨੀ ਵਾਰ ਇਨ੍ਹਾਂ ਲੋਕਾਂ ਵੱਲੋਂ ਉਸੇ ਵੇਲੇ ਵਚਨ ਨੂੰ ਮੰਨਣ ਦੀ ਗੱਲ ਲਿਖੀ:

1. ਵਿਸ਼ਵਾਸ ਕੀਤਾ–ਬਾਰਾਂ ਵਾਰ (ਰਸੂਲਾਂ ਦੇ ਕੰਮ 4:4; 8:12, 13; 9:42; 11:17, 21; 13:12; 13:48; 14:1; 17:12, 34; 18:8)।
2. ਬਪਤਿਸਮਾ ਲਿਆ–ਨੌਂ ਵਾਰ (ਰਸੂਲਾਂ ਦੇ ਕੰਮ 2:41; 8:12, 13, 38; 9:18; 16:15, 33; 18:8; 19:5)।
3. ਤੌਬਾ ਕੀਤੀ – ਇਕ ਵਾਰ ਵੀ ਨਹੀਂ।
4. ਇਕਰਾਰ ਕੀਤਾ–ਇਕ ਵਾਰ (ਜੇ ਰਸੂਲਾਂ ਦੇ ਕੰਮ 8:37 ਪ੍ਰਮਾਣਕ ਹੈ;

ਨਹੀਂ ਤਾਂ ਇਕ ਵਾਰ ਵੀ ਨਹੀਂ)।

5. ਵਿਸ਼ਵਾਸ ਕੀਤਾ ਅਤੇ ਬਪਤਿਸਮਾ ਲਿਆ–ਤਿੰਨ ਵਾਰ (ਰਸੂਲਾਂ ਦੇ ਕੰਮ 8:12, 13; 18:8)।
6. ਤੌਬਾ ਕੀਤੀ ਅਤੇ ਬਪਤਿਸਮਾ ਲਿਆ–ਇਕ ਵਾਰ ਵੀ ਨਹੀਂ।
7. ਤੌਬਾ ਕੀਤੀ ਅਤੇ ਇਕਰਾਰ ਕੀਤਾ–ਇਕ ਵਾਰ ਵੀ ਨਹੀਂ।

ੲ. ਜਿੰਨੀ ਵਾਰ ਲੂਕਾ ਨੇ ਲਿਖਿਆ ਕਿ ਇਨ੍ਹਾਂ ਨੂੰ ਮੰਨਣ ਵਾਲਿਆਂ ਨੇ ਖੁਸ਼ਖਬਰੀ ਦੀ ਗੱਲ ਮੰਨੀ:

1. ਵਿਸ਼ਵਾਸ ਕੀਤਾ–ਤੇਰਾਂ ਵਾਰ (ਰਸੂਲਾਂ ਦੇ ਕੰਮ 2:44; 4:32; 11:17;14;23; 15:5; 16:1, 34; 18:27; 19:2, 18; 21:20, 25; 22:19)।
2. ਬਪਤਿਸਮਾ ਲਿਆ–ਇਕ ਵਾਰ (ਰਸੂਲਾਂ ਦੇ ਕੰਮ 8:16)।
3. ਤੌਬਾ ਕੀਤੀ–ਇਕ ਵਾਰ ਵੀ ਨਹੀਂ।
4. ਇਕਰਾਰ ਕੀਤਾ–ਇਕ ਵਾਰ ਵੀ ਨਹੀਂ।

ਇਸ ਤੁਲਨਾ ਨਾਲ ਸਾਫ਼ ਹੋ ਜਾਂਦਾ ਹੈ ਕਿ ਰਸੂਲਾਂ ਦੇ ਕੰਮ ਕਿਤਾਬ ਵਿਚ ਤੌਬਾ ਕਰਨ ਅਤੇ ਇਕਰਾਰ ਕਰਨ ਦੇ ਮੁਕਾਬਲੇ ਵਿਸ਼ਵਾਸ ਕਰਨ ਅਤੇ ਬਪਤਿਸਮਾ ਲੈਣ ਦਾ ਜ਼ਿਕਰ ਬਹੁਤੀ ਵਾਰ ਹੋਇਆ ਹੈ। ਮਸੀਹੀ ਬਣਨ ਵਾਲਿਆਂ ਬਾਰੇ ਦੱਸਦਿਆਂ ਰਸੂਲਾਂ ਦੇ ਕੰਮ ਕਿਤਾਬ ਆਮ ਤੌਰ ਤੇ ਦੱਸਦੀ ਹੈ ਕਿ ਉਨ੍ਹਾਂ ਨੇ ਵਿਸ਼ਵਾਸ ਕੀਤਾ ਅਤੇ/ਜਾਂ ਬਪਤਿਸਮਾ ਲਿਆ ਸੀ; ਪਰ ਕੋਈ ਆਇਤ ਇਹ ਨਹੀਂ ਦੱਸਦੀ ਕਿ ਉਨ੍ਹਾਂ ਨੇ ਤੌਬਾ ਕੀਤੀ ਜਾਂ ਇਕਰਾਰ ਕੀਤਾ।

## ਪੌਲੁਸ ਦੀਆਂ ਚਿੱਠੀਆਂ ਵਿਚ ਬਪਤਿਸਮਾ

ਪੌਲੁਸ ਨੇ ਕਲੀਸੀਆਵਾਂ ਦੇ ਨਾਂਅ ਆਪਣੀਆਂ ਜ਼ਿਆਦਾਤਰ ਕਿਤਾਬਾਂ ਵਿਚ ਨਵੇਂ ਨੇਮ ਦੇ ਬਪਤਿਸਮੇ ਦਾ ਜ਼ਿਕਰ ਕੀਤਾ ਹੈ (ਰੋਮੀਆਂ 6:3, 4; 1 ਕੁਰਿੰਥੀਆਂ 1:13–17; 12:13; ਗਲਾਤੀਆਂ 3:27; ਅਫ਼ਸੀਆਂ 4:5; ਕੁਲੁੱਸੀਆਂ 2:12)। ਉਸ ਨੇ ਕਲੀਸੀਆ ਦੇ ਲੋਕਾਂ ਨੂੰ ਬਪਤਿਸਮੇ ਦੇ ਸੁਭਾਵਕ ਫ਼ਲ ਦੇ ਰੂਪ ਵਿਚ ਯਿਸੂ ਪ੍ਰਤੀ ਆਪਣਾ ਸਮਰਪਣ ਬਣਾਈ ਰੱਖਣ ਲਈ ਦਲੇਰ ਕੀਤਾ। ਪੌਲੁਸ ਨੇ ਬਪਤਿਸਮੇ ਨੂੰ ਨਵੀਂ ਜ਼ਿੰਦਗੀ ਦੀ ਸ਼ੁਰੂਆਤ (ਰੋਮੀਆਂ 6:4; ਕੁਲੁੱਸੀਆਂ 2:12, 13) ਪਾਪਾਂ ਦੀ ਮਾਫ਼ੀ (ਕੁਲੁੱਸੀਆਂ 2:13), ਯਿਸੂ ਨੂੰ ਪਹਿਨਣ (ਗਲਾਤੀਆਂ 3:27) ਅਤੇ ਵਿਸ਼ਵਾਸੀਆਂ ਦੇ ਇਕ ਹੋਣ (1 ਕੁਰਿੰਥੀਆਂ 12:13; ਗਲਾਤੀਆਂ 3:27, 28; ਅਫ਼ਸੀਆਂ 4:1–6) ਨਾਲ ਜੋੜਿਆ। ਪੌਲੁਸ ਨੇ ਬਪਤਿਸਮੇ ਦਾ ਜ਼ਿਕਰ ਕੀਤਾ ਪਰ ਵਿਸ਼ਵਾਸ, ਤੌਬਾ ਜਾਂ ਇਕਰਾਰ ਨਾਲ ਇਸ ਦੇ ਸਬੰਧ ਬਾਰੇ ਕੁਝ ਨਹੀਂ ਦੱਸਿਆ। ਉਸ ਨੇ ਦੂਜੀਆਂ ਆਇਤਾਂ ਵਿਚ ਬਪਤਿਸਮੇ ਦਾ ਸੰਕੇਤ ਦਿੱਤਾ ਹੋਵੇਗਾ (ਅਫ਼ਸੀਆਂ 5:26; ਤੀਤੁਸ 3:5)।

## ਪਤਰਸ ਦੀਆਂ ਲਿਖਤਾਂ ਵਿਚ ਬਪਤਿਸਮਾ

ਪਤਰਸ ਨੇ ਵਿਸ਼ਵਾਸ ਦਾ ਜ਼ਿਕਰ ਗਿਆਰਾਂ ਵਾਰ (1 ਪਤਰਸ 1:8, 21; 2:6, 7; 1 ਪਤਰਸ 1:5, 7, 9, 21; 5:9; 2 ਪਤਰਸ 1:1, 5) ਪਰ ਬਚਾਏ ਜਾਣ ਦੇ ਸਬੰਧ ਵਿਚ ਇੱਕੋ ਵਾਰ ਕੀਤਾ (1 ਪਤਰਸ 1:9)। ਇਕ ਵਾਰ ਉਸਨੇ ਤੌਬਾ ਦੀ ਗੱਲ ਕੀਤੀ

(2 ਪਤਰਸ 3:9), ਜਿਸ ਨੂੰ ਉਸ ਨੇ ਕਿਹਾ ਕਿ ਖ਼ੁਦਾ ਸਭ ਲੋਕਾਂ ਤੋਂ ਚਾਹੁੰਦਾ ਹੈ। ਇਕਰਾਰ ਦਾ ਜ਼ਿਕਰ ਉਸ ਨੇ ਕਦੇ ਨਹੀਂ ਕੀਤਾ।

ਉਸ ਨੇ ਸਾਡੇ ਬਚਾਏ ਜਾਣ ਨਾਲ ਨੂਹ ਅਤੇ ਉਸ ਦੇ ਪਰਿਵਾਰ ਦੇ ਛੁਟਕਾਰੇ ਦੀ ਤੁਲਨਾ ਕੀਤੀ:

> ਜਿਹੜੇ ਪਿਛਲੇ ਸਮੇਂ ਅਣਆਗਿਆਕਾਰੀ ਸਨ ਜਿਸ ਵੇਲੇ ਪਰਮੇਸ਼ੁਰ ਨੂਹ ਦੇ ਦਿਨੀਂ ਧੀਰਜ ਨਾਲ ਉਡੀਕ ਕਰਦਾ ਸੀ ਜਦ ਕਿਸ਼ਤੀ ਤਿਆਰ ਹੁੰਦੀ ਪਈ ਸੀ ਜਿਹ ਦੇ ਵਿਚ ਥੋੜ੍ਹੇ ਅਰਥਾਤ ਅੱਠ ਜਣੇ ਪਾਣੀ ਤੋਂ ਬਚ ਗਏ ਇਹ ਬਪਤਿਸਮੇ ਦਾ ਨਮੂਨਾ ਹੈ ਜੋ ਹੁਣ ਤੁਹਾਨੂੰ ਵੀ ਯਿਸੂ ਮਸੀਹ ਦੇ ਜੀ ਉੱਠਣ ਦੇ ਕਾਰਣ ਬਚਾਉਂਦਾ ਹੈ ਇਹ ਸਰੀਰ ਦੀ ਮੈਲ ਲਾਹੁਣਾ ਨਹੀਂ ਪਰ ਸ਼ੁੱਧ ਅੰਤਹਕਰਨ ਨਾਲ ਪਰਮੇਸ਼ੁਰ ਨੂੰ ਭਾਲਣਾ ਹੈ (1 ਪਤਰਸ 3:20, 21)।

## ਸਾਰ

ਬਪਤਿਸਮੇ ਬਾਰੇ ਸਭ ਤੋਂ ਪਹਿਲਾਂ ਯੂਹੰਨਾ ਨੇ, ਫਿਰ ਯਿਸੂ ਨੇ ਅਤੇ ਫਿਰ ਰਸੂਲਾਂ ਨੇ ਅਤੇ ਮੁੱਢਲੀ ਕਲੀਸੀਆ ਨੇ ਸਿਖਾਇਆ। ਸਲੀਬ ਤੇ ਯਿਸੂ ਦੀ ਮੌਤ ਦੇ ਬਾਅਦ, ਬਪਤਿਸਮਾ ਉਨ੍ਹਾਂ ਲੋਕਾਂ ਨੂੰ ਦਿੱਤਾ ਜਾਂਦਾ ਸੀ ਜਿਨ੍ਹਾਂ ਨੂੰ ਇੰਜੀਲ ਸੁਣਾਈ ਜਾਂਦੀ ਸੀ, ਉਹ ਯਿਸੂ ਵਿਚ ਵਿਸ਼ਵਾਸ ਲਿਆਉਂਦੇ ਸਨ, ਆਪਣੇ ਪਾਪਾਂ ਤੋਂ ਤੌਬਾ ਕਰਦੇ ਸਨ ਅਤੇ ਖ਼ੁਦਾ ਨਾਲ ਨਵੇਂ ਸਬੰਧ ਅਤੇ ਜ਼ਿੰਦਗੀ ਦੀ ਕਾਮਨਾ ਕਰਦੇ ਸਨ। ਬਪਤਿਸਮੇ ਨੂੰ ਉਹ ਥਾਂ ਮੰਨਿਆ ਜਾਂਦਾ ਸੀ ਜਿੱਥੇ ਖ਼ੁਦਾ ਨਾਲ ਵਿਗੜੇ ਸਬੰਧ ਨੂੰ ਯਿਸੂ ਦੇ ਲਹੂ ਰਾਹੀਂ ਦਰੁਸਤ ਕਰ ਦਿੱਤਾ ਜਾਂਦਾ ਸੀ ਅਤੇ ਇਹ ਉਹ ਪਲ ਸੀ ਜਦ ਨਵੀਂ ਜਿੰਦਗੀ ਦੀ ਸ਼ੁਰੂਆਤ ਹੁੰਦੀ ਸੀ।

---

# ਬਚਾਏ ਜਾਣ ਦੀ ਖ਼ੁਦਾ ਦੀ ਯੋਜਨਾ ਵਿਚ ਪਾਣੀ

ਜ਼ਿੰਦਗੀ ਲਈ ਪਾਣੀ ਜ਼ਰੂਰੀ ਹੈ। ਵਿਗਿਆਨਕਾਂ ਦਾ ਮੰਨਣਾ ਹੈ ਕਿ ਧਰਤੀ ਉਤਲਾ ਜੀਵਨ ਜਿਸ ਨੂੰ ਅਸੀਂ ਜਾਣਦੇ ਹਾਂ ਪਾਣੀ ਦੇ ਬਗ਼ੈਰ ਨਹੀਂ ਹੋ ਸਕਦਾ ਸੀ। ਖ਼ੁਦਾ ਨੇ ਕਈ ਮਾਮਲਿਆਂ ਵਿਚ ਆਪਣੇ ਮਕਸਦ ਪੂਰੇ ਕਰਨ ਲਈ ਪਾਣੀ ਨੂੰ ਚੁਣਿਆ। ਸ਼ੁਰੂ ਵਿਚ ਜਦ ਖ਼ੁਦਾ ਨੇ ਸਭ ਕੁਝ ਬਣਾਇਆ, ''ਧਰਤੀ ਪਾਣੀ ਵਿੱਚੋਂ ਅਤੇ ਪਾਣੀ ਦੇ ਵਿਚ'' ਬਣਾਈ ਗਈ (2 ਪਤਰਸ 3:5)। ਧਰਤੀ ਤੇ ਜ਼ਿੰਦਗੀ, ਪਾਣੀ ਵਿੱਚੋਂ ਇਸ ਦੇ ਬਣਾਏ ਜਾਣ ਦੇ ਬਾਅਦ ਹੀ ਸੰਭਵ ਹੋ ਸਕੀ। ਪਾਣੀ ਧਰਤੀ ਦੇ ਭੌਤਿਕ ਜੀਵਨ ਦੇ ਹਰ ਰੂਪ ਨੂੰ ਬਣਾਈ ਰੱਖਦਾ ਸੀ (ਉਤਪਤ 2:6) ਅਤੇ ਬਣਾਈ ਰੱਖਦਾ ਹੈ।

ਨੂਹ ਨੂੰ ਪਾਣੀ ਦੇ ਰਾਹੀਂ ਹੀ ਸੁਰੱਖਿਅਤ ਹੋਣ ਲਈ ਲਿਆਂਦਾ ਗਿਆ ਸੀ (1 ਪਤਰਸ 3:20)। ਨੂਹ ਦੇ ਬੇੜਾ ਬਣਾਉਣ ਦੇ ਬਾਅਦ, ਨੂਹ ਅਤੇ ਉਸ ਦੇ ਪਰਿਵਾਰ ਨੂੰ ਬਰਬਾਦੀ ਚੋਂ ਸੁਰੱਖਿਅਤ ਕੱਢਣ ਲਈ ਪਾਣੀ ਜ਼ਰੂਰੀ ਸੀ। ਇਹਦੀ ਥਾਂ ਖ਼ੁਦਾ ਜੇ ਅੱਗ ਭੇਜ ਦਿੰਦਾ ਤਾਂ ਉਨ੍ਹਾਂ ਦਾ ਸੰਸਕਾਰ ਹੋ ਜਾਣਾ ਸੀ। ਖ਼ੁਦਾ ਵੱਲੋਂ ਪਰਲੋ ਭੇਜੇ ਜਾਣ ਵੇਲੇ ਬੇੜੇ ਵਿਚ ਮਨੁੱਖੀ ਜੀਵਨ ਕਾਇਮ ਰੱਖਣ ਲਈ ਪਾਣੀ ਜ਼ਰੂਰੀ ਸੀ।

ਇਸਰਾਏਲੀ ਲੋਕ ਮਿਸਰੀ ਫ਼ੌਜ ਤੋਂ ਬਚ ਕੇ ਸੁਰੱਖਿਅਤ ਹੋਣ ਲਈ ਪਾਣੀ ਵਿੱਚੋਂ ਹੀ ਲੰਘੇ

ਸਨ। ਫ਼ਿਰੌਨ ਦੀ ਫ਼ੌਜ ਪਾਣੀ ਨਾਲ ਹੀ ਨਾਸ ਕੀਤੀ ਗਈ ਸੀ (ਕੂਚ 14:26–29)। ਕੂਚ 14:30ਓ ਵਿਚ ਅਸੀਂ ਪੜ੍ਹਦੇ ਹਾਂ, ''ਸੋ ਉਸ ਦਿਨ ਯਹੋਵਾਹ ਨੇ ਇਸਰਾਏਲ ਨੂੰ ਮਿਸਰੀਆਂ ਦੇ ਹੱਥੋਂ ਬਚਾਇਆ।'' ਬਾਅਦ ਵਿਚ ਪੌਲੁਸ ਨੇ ਲਿਖਿਆ, ''ਅਤੇ ਸਭਨਾਂ ਨੂੰ ਉਸ ਬੱਦਲ ਅਤੇ ਉਸ ਸਮੁੰਦਰ ਵਿਚ ਮੂਸਾ ਦਾ ਬਪਤਿਸਮਾ ਮਿਲਿਆ'' (1 ਕੁਰਿੰਥੀਆਂ 10:2)। ਕਈ ਲੋਕ ਇਸ ਆਇਤ ਤੋਂ ਇਹ ਬਹਿਸ ਕਰਦੇ ਹਨ ਕਿ ਬਪਤਿਸਮਾ ਛਿੜਕਾਅ ਨਾਲ ਹੁੰਦਾ ਹੈ। ਉਹ ਇਹ ਮੰਨਦੇ ਹਨ ਕਿ ਸਮੁੰਦਰ ਵਿੱਚੋਂ ਦੀ ਲੰਘਣ ਵੇਲੇ ਇਸਰਾਏਲੀਆਂ ਤੇ ਬੱਦਲ 'ਚੋਂ ਪਾਣੀ ਛਿੜਕਾਇਆ ਗਿਆ ਸੀ। ਜੇ ਇਹ ਸੱਚ ਹੁੰਦਾ ਤਾਂ ਇਸਰਾਏਲੀਆਂ ਨੇ ''ਖੁਸ਼ਕੀ ਉੱਤੋਂ ਦੀ'' ਨਹੀਂ ਲੰਘਣਾ ਸੀ (ਕੂਚ 14:22)। ਸੱਚ ਤਾਂ ਇਹ ਹੈ ਕਿ ਇਸਰਾਏਲੀਆਂ ਲਈ ਖ਼ੁਦਾ ਵੱਲੋਂ ਮੁਹੱਈਆਂ ਕਰਵਾਇਆ ਗਿਆ ਬੱਦਲ ਪਾਣੀ ਦਾ ਬੱਦਲ ਨਹੀਂ ਬਲਕਿ ਧੂੰਏਂ ਦਾ ਬੱਦਲ ਸੀ ''ਦਿਨ ਨੂੰ ਬੱਦਲ ਤੇ ਧੂੰਆਂ ਅਤੇ ਰਾਤ ਨੂੰ ਬਲਦੀ ਅੱਗ ਦਾ ਚਮਕਾਰਾ'' ਕਰਦਾ ਸੀ (ਯਸਾਯਾਹ 4:5)।

ਬਾਅਦ ਵਿਚ ਇਸਰਾਏਲੀ ਵਾਅਦੇ ਦੀ ਧਰਤੀ ਵਿਚ ਜਾਣ ਲਈ ਪਾਣੀ ਵਿੱਚੋਂ ਦੀ ਲੰਘੇ ਸਨ (ਯਹੋਸ਼ੁਆ 3:14–17), ਪਾਣੀ ਵਿੱਚੋਂ ਦੀ ਲੰਘ ਕੇ ਲੋਕ ਉਨ੍ਹਾਂ ਬਰਕਤਾਂ ਤਕ ਆਏ ਸਨ ਜਿਨ੍ਹਾਂ ਦਾ ਵਾਅਦਾ ਖ਼ੁਦਾ ਨੇ ਉਨ੍ਹਾਂ ਨਾਲ ਕੀਤਾ ਸੀ।

ਨਾਮਾਨ ਅਤੇ ਉਹਦੇ ਕੋੜ੍ਹ ਤੋਂ ਸ਼ੁੱਧ ਹੋਣ ਦੇ ਦਰਮਿਆਨ ਪਾਣੀ ਹੀ ਖੜਾ ਸੀ (2 ਰਾਜਿਆਂ 5:1–14)। ਯਿਸੂ ਕੋਲ ਆਉਣ ਵਾਲੇ ਅੰਨ੍ਹੇ ਆਦਮੀ ਨੂੰ ਚੰਗਾ ਕਰਨ ਲਈ ਪਾਣੀ ਹੀ ਵਰਤਿਆ ਗਿਆ ਸੀ (ਯੂਹੰਨਾ 9:6, 7)।

ਸੁਰਗੀ ਜਿੰਦਗੀ ਦੀ ਕਾਇਮੀ ਵੀ ਖ਼ੁਦਾ ਦੇ ਤਖ਼ਤ ਤੋਂ ਵਹਿਣ ਵਾਲੇ ਪਾਣੀ ਦੇ ਦਰਿਆ ਨਾਲ ਵਿਖਾਈ ਜਾਂਦੀ ਹੈ (ਪ੍ਰਕਾਸ਼ ਦੀ ਪੋਥੀ 22:1)। ਜ਼ਿੰਦਗੀ ਸਣੇ, ਖ਼ੁਦਾ ਦੀਆਂ ਬਹੁਤ ਸਾਰੀਆਂ ਬਰਕਤਾਂ ਪਾਣੀ ਰਾਹੀਂ ਹੀ ਆਉਂਦੀਆਂ ਹਨ। ਸ਼ਾਇਦ ਇਹ ਸੰਯੋਗ ਨਹੀਂ ਹੈ ਕਿ ਖ਼ੁਦਾ ਨੇ ਯਿਸੂ ਦੇ ਰਾਹੀਂ ਬਚਾਏ ਜਾਣ ਦੀ ਭਾਲ ਕਰਨ ਵਾਲਿਆਂ ਲਈ ਪਾਣੀ ਨੂੰ ਜ਼ਰੂਰੀ ਮੰਨਿਆ ਹੈ (1 ਪਤਰਸ 3:21)। ਇਸ ਦੇ ਮੁਕਾਬਲੇ ਜਿਸਮਾਨੀ ਜ਼ਿੰਦਗੀ ਖ਼ੂਨ ਤੇ ਨਿਰਭਰ ਹੈ (ਉਤਪਤ 9:4) ਅਤੇ ਰੂਹਾਨੀ ਜ਼ਿੰਦਗੀ ਯਿਸੂ ਦੇ ਖ਼ੂਨ ਤੇ ਨਿਰਭਰ ਹੈ (ਇਬਰਾਨੀਆਂ 9:22), ਸੋ ਜਿਸਮਾਨੀ ਜ਼ਿੰਦਗੀ ਲਈ ਅਤੇ ਮਸੀਹ ਵਿਚ ਨਵੀਂ ਰੂਹਾਨੀ ਜ਼ਿੰਦਗੀ ਲਈ ਵੀ ਪਾਣੀ ਜ਼ਰੂਰੀ ਹੈ (ਰੋਮੀਆਂ 6:4)।